# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਪ੍ਰਕਾਸ਼ਨ ‘ਤੇ ਪਾਬੰਦੀਆਂ

### ਪ੍ਰਕਾਸ਼ਨ ‘ਤੇ ਪਾਬੰਦੀ (ਪਬਲੀਕੇਸ਼ਨ ਬੈਨ) ਕੀ ਹੈ?

ਪ੍ਰਕਾਸ਼ਨ ‘ਤੇ ਪਾਬੰਦੀ ਉਹ ਆਦੇਸ਼ ਹੈ ਜੋ ਅਦਾਲਤ ਦਿੰਦੀ ਹੈ ਜੋ ਕਿਸੇ ਨੂੰ ਵੀ ਅਜਿਹੀ ਜਾਣਕਾਰੀ ਪ੍ਰਕਾਸ਼ਤ ਕਰਨ, ਉਸਦਾ ਪ੍ਰਸਾਰਣ ਕਰਨ ਜਾਂ ਭੇਜਣ ਤੋਂ ਰੋਕਦੀ ਹੈ ਜੋ ਪੀੜਤ, ਗਵਾਹ ਜਾਂ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਹਿੱਸਾ ਲੈਣ ਵਾਲੇ ਕਿਸੇ ਹੋਰ ਵਿਅਕਤੀ ਦੀ ਪਛਾਣ ਕਰ ਸਕਦੀ ਹੈ। ਪ੍ਰਕਾਸ਼ਨ ‘ਤੇ ਪਾਬੰਦੀ ਦਾ ਉਦੇਸ਼ ਪੀੜਤਾਂ, ਗਵਾਹਾਂ ਅਤੇ ਹੋਰਾਂ ਨੂੰ ਨਕਾਰਾਤਮਕ ਨਤੀਜੇ ਸਹੇ ਬਿਨਾਂ ਨਿਆਂ ਪ੍ਰਣਾਲੀ ਵਿੱਚ ਹਿੱਸਾ ਲੈਣ ਦੇਣ ਲਈ ਇਛਿੱਤ ਹੈ।

### ਪੀੜਤ ਦਾ ਹੱਕ!

*ਕਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* 23 ਜੁਲਾਈ 2015 ਨੂੰ ਲਾਗੂ ਹੋਇਆ ਸੀ। ਇਹ ਐਕਟ ਹਰ ਪੀੜਤ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਦੇ ਅਧਿਕਾਰੀਆਂ ਦੁਆਰਾ ਉਨ੍ਹਾਂ ਦੀ ਗੋਪਨੀਯਤਾ ਨੂੰ ਧਿਆਨ ਵਿੱਚ ਰੱਖੇ ਜਾਣ ਅਤੇ ਇਹ ਮੰਗ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਉਨ੍ਹਾਂ ਦੀ ਪਛਾਣ ਦੀ ਰੱਖਿਆ ਕੀਤੀ ਜਾਵੇ। ਇਹ ਅਧਿਕਾਰ ਪੀੜਤ ਦੀ ਸੁਰੱਖਿਆ ਦੇ ਅਧਿਕਾਰ ਦਾ ਹਿੱਸਾ ਹਨ।

### ਅਦਾਲਤ ਪ੍ਰਕਾਸ਼ਨ ‘ਤੇ ਪਾਬੰਦੀ ਦਾ ਆਦੇਸ਼ ਕਦੋਂ ਦੇ ਸਕਦੀ ਹੈ?

ਖੁੱਲੇਪਣ ਦਾ ਸਿਧਾਂਤ ਕੈਨੇਡਾ ਦੀ ਅਪਰਾਧਿਕ ਨਿਆਂ ਪ੍ਰਣਾਲੀ ਦਾ ਇੱਕ ਮੁੱਖ ਹਿੱਸਾ ਹੈ। ਇੱਕ ਆਮ ਨਿਯਮ ਦੇ ਤੌਰ ਤੇ, ਸਾਰੀਆਂ ਕਾਰਵਾਈਆਂ ਖੁੱਲ੍ਹੀ ਅਦਾਲਤ ਵਿੱਚ ਹੁੰਦੀਆਂ ਹਨ ਅਤੇ ਸਾਰੇ ਗਵਾਹਾਂ, ਪੀੜਤਾਂ ਅਤੇ ਦੋਸ਼ੀ ਵਿਅਕਤੀਆਂ ਦੇ ਨਾਮ ਜਨਤਕ ਕੀਤੇ ਜਾਂਦੇ ਹਨ। ਕੁਝ ਅਪਵਾਦ ਹਨ। ਇਹ ਉਦੋਂ ਵਾਪਰਦੇ ਹਨ ਜਦੋਂ ਅਦਾਲਤ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਦੀ ਸੁਰੱਖਿਆ ਲਈ ਪ੍ਰਕਾਸ਼ਨ ‘ਤੇ ਪਾਬੰਦੀ ਦਾ ਆਦੇਸ਼ ਦਿੰਦੀ ਹੈ। ਇਹ ਫੈਸਲਾ ਕਰਦੇ ਸਮੇਂ ਕਿ ਆਦੇਸ਼ ਦੇਣਾ ਹੈ ਜਾਂ ਨਹੀਂ, ਅਦਾਲਤ ਪ੍ਰਕਾਸ਼ਨ ‘ਤੇ ਪਾਬੰਦੀ ਕਿਸ ਲਈ ਹੈ, ਅਪਰਾਧ ਦੀ ਕਿਸਮ ਅਤੇ ਹੋਰ ਕਾਰਕਾਂ ਨੂੰ ਧਿਆਨ ਵਿੱਚ ਰੱਖੇਗੀ। ਪ੍ਰਕਾਸ਼ਨ ‘ਤੇ ਪਾਬੰਦੀ, ਇੰਨ੍ਹਾਂ ਲਈ ਉਚਿਤ ਹੋ ਸਕਦੀ ਹੈ, ਉਦਾਹਰਣ ਲਈ:

- ਉਨ੍ਹਾਂ ਗਵਾਹਾਂ ਨੂੰ ਉਤਸ਼ਾਹਿਤ ਕਰਨ ਲਈ ਜੋ ਗਵਾਹੀ ਦੇਣ ਤੋਂ ਡਰਦੇ ਹਨ;
- ਬੱਚਿਆਂ ਅਤੇ ਅਪਰਾਧ ਦੇ ਪੀੜਤਾਂ ਸਮੇਤ ਕਮਜ਼ੋਰ ਗਵਾਹਾਂ ਦੀ ਰੱਖਿਆ ਕਰਨ ਲਈ;
- ਪੀੜਤਾਂ ਅਤੇ ਹੋਰਾਂ ਨੂੰ ਉਹਨਾਂ ਅਪਰਾਧਾਂ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨ ਲਈ ਜੋ ਆਮ ਤੌਰ ‘ਤੇ ਘੱਟ ਰਿਪੋਰਟ ਕੀਤੇ ਜਾਂਦੇ ਹਨ, ਜਿਵੇਂ ਕਿ ਜਿਨਸੀ ਅਪਰਾਧ; ਅਤੇ
- ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਦੀ ਗੋਪਨੀਯਤਾ ਦੀ ਰੱਖਿਆ ਕਰਨ ਲਈ।




Government of Canada Gouvernement du Canada

Canada

## ਅਦਾਲਤ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦੇ ਆਦੇਸ਼ ਦੇਣ ਬਾਰੇ ਕਿਵੇਂ ਫੈਸਲਾ ਕਰਦੀ ਹੈ?

*ਕ੍ਰਿਮੀਨਲ ਕੋਡ* ਪ੍ਰਕਾਸ਼ਨ 'ਤੇ ਪਾਬੰਦੀ ਦਾ ਸੰਚਾਲਨ ਕਰਨ ਵਾਲੇ ਨਿਯਮਾਂ ਨੂੰ ਨਿਰਧਾਰਤ ਕਰਦਾ ਹੈ। ਇਹ ਨਿਯਮ ਪ੍ਰਕਾਸ਼ਨ 'ਤੇ ਪਾਬੰਦੀ ਲਈ ਕੌਣ ਅਰਜ਼ੀ ਦੇ ਰਿਹਾ ਹੈ ਅਤੇ ਕਾਰਵਾਈਆਂ ਦੀ ਪ੍ਰਕਿਰਤੀ 'ਤੇ ਨਿਰਭਰ ਕਰਦੇ ਹੋਏ ਵੱਖ ਵੱਖ ਹੁੰਦੇ ਹਨ।

ਉਦਾਹਰਣ ਦੇ ਲਈ, ਅਦਾਲਤ ਲਈ 18 ਸਾਲ ਤੋਂ ਘੱਟ ਉਮਰ ਦੇ ਪੀੜਤਾਂ ਨੂੰ ਉਹਨਾਂ ਦੇ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਦੇ ਅਧਿਕਾਰ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ, ਅਤੇ ਜੇਕਰ ਪੀੜਤ ਉਸ ਦੀ ਬੇਨਤੀ ਕਰਦਾ ਹੈ, ਤਾਂ ਅਦਾਲਤ ਲਈ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਦੇਣਾ ਜ਼ਰੂਰੀ ਹੈ। ਅਦਾਲਤ ਲਈ ਜਿਨਸੀ ਅਪਰਾਧਾਂ ਦੇ 18 ਸਾਲ ਤੋਂ ਘੱਟ ਉਮਰ ਦੇ ਸਾਰੇ ਪੀੜਤਾਂ ਅਤੇ ਗਵਾਹਾਂ ਨੂੰ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਦਾ ਅਧਿਕਾਰ ਹੈ। ਜੇ ਉਹ ਪਾਬੰਦੀ ਦੀ ਮੰਗ ਕਰਦੇ ਹਨ, ਤਾਂ ਅਦਾਲਤ ਲਈ ਇਸ ਦਾ ਆਦੇਸ਼ ਦੇਣਾ ਜ਼ਰੂਰੀ ਹੈ।

*ਕ੍ਰਿਮੀਨਲ ਕੋਡ* ਇਹ ਵੀ ਕਹਿੰਦਾ ਹੈ ਕਿ ਅਦਾਲਤ 18 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਹੋਰ ਪੀੜਤ ਜਾਂ ਕਿਸੇ ਹੋਰ ਗਵਾਹ ਦੀ ਪਛਾਣ ਦੀ ਰਾਖੀ ਲਈ ਪ੍ਰਕਾਸ਼ਨ 'ਤੇ ਪਾਬੰਦੀ ਲਗਾ ਸਕਦੀ ਹੈ ਜੇਕਰ ਅਦਾਲਤ ਮੰਨਦੀ ਹੈ ਕਿ ਇਹ ਹੁਕਮ "ਨਿਆਂ ਦੇ ਸਹੀ ਪ੍ਰਸ਼ਾਸਨ ਦੇ ਹਿੱਤ ਵਿੱਚ ਹੈ।" ਅਦਾਲਤ ਇਹ ਆਦੇਸ਼ ਉਨ੍ਹਾਂ ਹੋਰ ਲੋਕਾਂ ਲਈ ਵੀ ਦੇ ਸਕਦੀ ਹੈ ਜੋ ਅਪਰਾਧਿਕ ਮੁਕੱਦਮਿਆਂ ਦੀਆਂ ਕਾਰਵਾਈਆਂ ਵਿੱਚ ਹਿੱਸਾ ਲੈਂਦੇ ਹਨ ਜਿਵੇਂ ਕਿ ਜੂਰਰ, ਪੁਲਿਸ ਅਫਸਰ, ਜਾਂ ਅਪਰਾਧਿਕ ਸੰਗਠਨ, ਅੱਤਵਾਦ ਅਤੇ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਅਪਰਾਧਾਂ ਲਈ ਪੁਲਿਸ ਮੁਖਬਰ।

ਅਜਿਹੇ ਪੀੜਤਾਂ, ਗਵਾਹਾਂ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਲਈ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਦੇਣ ਦਾ ਫੈਸਲਾ ਕਰਦੇ ਸਮੇਂ, ਅਦਾਲਤ ਲਈ ਕਈ ਕਾਰਕਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਇਹਨਾਂ ਵਿੱਚ ਸ਼ਾਮਲ ਹਨ:

- ਦੋਸ਼ੀ ਵਿਅਕਤੀ ਦਾ ਨਿਰਪੱਖ ਅਤੇ ਜਨਤਕ ਸੁਣਵਾਈ ਦਾ ਅਧਿਕਾਰ;
- ਕੀ ਇਸ ਗੱਲ ਦਾ ਕੋਈ ਖਤਰਾ ਹੈ ਕਿ ਜੇ ਜਨਤਾ ਨੂੰ ਉਨ੍ਹਾਂ ਦੀ ਪਛਾਣ ਪਤਾ ਹੋਵੇ, ਤਾਂ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਨੂੰ ਨੁਕਸਾਨ ਪਹੁੰਚੇਗਾ;
- ਕੀ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਨੂੰ ਧਮਕਾਏ ਜਾਣ ਜਾਂ ਬਦਲਾ ਲਏ ਜਾਣ ਤੋਂ ਬਚਾਉਣ ਲਈ ਆਦੇਸ਼ ਦੀ ਲੋੜ ਹੈ; ਅਤੇ
- ਅਪਰਾਧਾਂ ਦੀ ਰਿਪੋਰਟਿੰਗ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਪੀੜਤਾਂ ਅਤੇ ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ (ਉਦਾਹਰਣ ਲਈ, ਅਦਾਲਤੀ ਅਧਿਕਾਰੀ ਜਾਂ ਜੂਰਰਾਂ (jurors) ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਵਿੱਚ ਸਮਾਜ ਦੀ ਦਿਲਚਸਪੀ।

ਕਾਰਕਾਂ ਦੀ ਪੂਰੀ ਸੂਚੀ *ਕ੍ਰਿਮੀਨਲ ਕੋਡ* ਵਿੱਚ ਪਾਈ ਜਾਂਦੀ ਹੈ।

## ਪ੍ਰਕਾਸ਼ਨ 'ਤੇ ਪਾਬੰਦੀ ਦੀ ਬੇਨਤੀ ਕਿਵੇਂ ਕੀਤੀ ਜਾ ਸਕਦੀ ਹੈ?

*ਕ੍ਰਿਮੀਨਲ ਕੋਡ* ਪ੍ਰਕਾਸ਼ਨ 'ਤੇ ਅਖਤਿਆਰੀ ਪਾਬੰਦੀ ਦੀ ਬੇਨਤੀ ਕਰਨ ਲਈ ਕਦਮ ਨਿਰਧਾਰਤ ਕਰਦਾ ਹੈ:

- ਸਰਕਾਰੀ ਵਕੀਲ, ਪੀੜਤ, ਗਵਾਹ, ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਲਈ ਲਿਖਤੀ ਰੂਪ ਵਿੱਚ ਪ੍ਰਕਾਸ਼ਨ 'ਤੇ ਪਾਬੰਦੀ ਦੀ ਮੰਗ ਕਰਨਾ ਲਾਜ਼ਮੀ ਹੈ। ਆਰਡਰ ਮੰਗਣ ਵਾਲੇ ਵਿਅਕਤੀ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਉਸਨੂੰ ਇਸ ਕਿਸਮ ਦੀ ਸੁਰੱਖਿਆ ਦੀ ਲੋੜ ਕਿਉਂ ਹੈ।
- ਬੇਨਤੀ ਉਸ ਜੱਜ ਨੂੰ ਕੀਤੀ ਜਾਂਦੀ ਹੈ ਜੋ ਕੇਸ ਦੀ ਸੁਣਵਾਈ ਕਰੇਗਾ। ਜੇ ਅਜੇ ਤੱਕ ਕੋਈ ਜੱਜ ਨਹੀਂ ਚੁਣਿਆ ਗਿਆ ਹੈ, ਤਾਂ ਉਸੇ ਅਦਾਲਤ ਦੇ ਕਿਸੇ ਹੋਰ ਜੱਜ ਨੂੰ ਬੇਨਤੀ ਕੀਤੀ ਜਾ ਸਕਦੀ ਹੈ।
- ਸਰਕਾਰੀ ਵਕੀਲ, ਦੋਸ਼ੀ, ਅਤੇ ਕੋਈ ਵੀ ਹੋਰ ਵਿਅਕਤੀ ਜੋ ਪ੍ਰਕਾਸ਼ਨ 'ਤੇ ਪਾਬੰਦੀ ਤੋਂ ਪ੍ਰਭਾਵਿਤ ਹੋ ਸਕਦਾ ਹੈ, ਨੂੰ ਅਰਜ਼ੀ ਬਾਰੇ ਦੱਸਿਆ ਜਾਣਾ ਜ਼ਰੂਰੀ ਹੈ। ਅਦਾਲਤ ਫ਼ੈਸਲਾ ਕਰੇਗੀ ਕਿ ਅਰਜ਼ੀ ਬਾਰੇ ਮੀਡੀਆ ਜਾਂ ਪ੍ਰਭਾਵਿਤ ਹੋ ਸਕਣ ਵਾਲੇ ਕਿਸੇ ਹੋਰ ਵਿਅਕਤੀ ਨੂੰ ਦੱਸਣਾ ਹੈ ਜਾਂ ਨਹੀਂ। ਉਦਾਹਰਣ ਦੇ ਲਈ, ਸਥਾਨਕ ਅਖ਼ਬਾਰਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੋਏਗੀ ਕਿਉਂਕਿ ਪ੍ਰਕਾਸ਼ਨ 'ਤੇ ਪਾਬੰਦੀ ਇਸ ਗੱਲ' ਤੇ ਪਾਬੰਦੀ ਲਗਾਏਗੀ ਕਿ ਉਹ ਮੁਕੱਦਮੇ ਜਾਂ ਕਾਰਵਾਈ ਬਾਰੇ ਰਿਪੋਰਟ ਕਿਵੇਂ ਕਰਦੇ ਹਨ।
- ਅਦਾਲਤ ਪ੍ਰਕਾਸ਼ਨ 'ਤੇ ਪਾਬੰਦੀ ਦੀ ਬੇਨਤੀ 'ਤੇ ਵਿਚਾਰ ਕਰਨ ਲਈ ਸੁਣਵਾਈ ਕਰ ਸਕਦੀ ਹੈ। ਸੁਣਵਾਈ ਵੇਲੇ, ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਕਹਿ ਸਕਦੇ ਹਨ ਕਿ ਉਸਨੂੰ ਆਦੇਸ਼ ਦੀ ਲੋੜ ਕਿਉਂ ਹੈ। ਸਰਕਾਰੀ ਵਕੀਲ, ਦੋਸ਼ੀ, ਮੀਡੀਆ ਜਾਂ ਆਦੇਸ਼ ਤੋਂ ਪ੍ਰਭਾਵਿਤ ਹੋਰ ਧਿਰਾਂ ਵੀ ਬੋਲ ਸਕਦੀਆਂ ਹਨ।

## ਸੁਣਵਾਈ ਵਿੱਚ ਕੀ ਹੁੰਦਾ ਹੈ?

ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦੇ ਆਦੇਸ਼ ਦੇਣ ਬਾਰੇ ਫੈਸਲਾ ਲੈਣ ਦੀ ਸੁਣਵਾਈ ਮੁਕੱਦਮੇ ਨਾਲੋਂ ਘੱਟ ਰਸਮੀ ਹੁੰਦੀ ਹੈ ਅਤੇ ਖੁੱਲ੍ਹੀ ਅਦਾਲਤ ਦੀ ਬਜਾਏ ਨਿਜੀ ਤੌਰ 'ਤੇ ਆਯੋਜਿਤ ਕੀਤੀ ਜਾ ਸਕਦੀ ਹੈ। ਪ੍ਰਕਾਸ਼ਨ 'ਤੇ ਪਾਬੰਦੀ ਦੀ ਮੰਗ ਕਰਨ ਵਾਲਾ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਆਪਣੇ ਲਈ ਬੋਲ ਸਕਦੇ ਹਨ ਜਾਂ ਉਹ ਕਿਸੇ ਵਕੀਲ ਨੂੰ ਆਪਣੀ ਤਰਫੋਂ ਬੋਲਣ ਲਈ ਕਹਿ ਸਕਦੇ ਹਨ।

ਜੇ ਅਦਾਲਤ ਇਸ ਗੱਲ ਨਾਲ ਸਹਿਮਤ ਹੈ ਕਿ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਦੀ ਪਹਿਚਾਣ ਦੀ ਸੁਰੱਖਿਆ ਲਈ ਪ੍ਰਕਾਸ਼ਨ 'ਤੇ ਪਾਬੰਦੀ ਦੀ ਜ਼ਰੂਰਤ ਹੈ, ਤਾਂ ਅਦਾਲਤ ਪਾਬੰਦੀ ਦਾ ਆਦੇਸ਼ ਦੇਵੇਗੀ। ਆਰਡਰ ਵਿੱਚ ਕੁਝ ਨਿਯਮ ਜਾਂ ਸ਼ਰਤਾਂ ਜੁੜੀਆਂ ਹੋ ਸਕਦੀਆਂ ਹਨ - ਉਦਾਹਰਣ ਵਜੋਂ, ਇਹ ਸਿਰਫ ਸਮੇਂ ਦੀ ਨਿਸ਼ਚਤ ਮਿਆਦ ਲਈ ਪ੍ਰਭਾਵੀ ਹੋ ਸਕਦਾ ਹੈ।

## ਉਨ੍ਹਾਂ ਪੀੜਤਾਂ, ਗਵਾਹਾਂ ਅਤੇ ਹੋਰ ਲੋਕਾਂ, ਜਿਨ੍ਹਾਂ ਦੀ ਪਛਾਣ ਪ੍ਰਕਾਸ਼ਨ 'ਤੇ ਪਾਬੰਦੀ ਦੁਆਰਾ ਸੁਰੱਖਿਅਤ ਹਨ, ਦੀਆਂ ਜ਼ਿੰਮੇਵਾਰੀਆਂ ਕੀ ਹਨ?

ਪੀੜਤਾਂ, ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਜੇ ਅਦਾਲਤ ਪ੍ਰਕਾਸ਼ਨ 'ਤੇ ਪਾਬੰਦੀ ਲਗਾਉਣ ਦਾ ਆਦੇਸ਼ ਦਿੰਦੀ ਹੈ, ਤਾਂ ਉਨ੍ਹਾਂ ਦਾ ਨਾਂ ਖ਼ਬਰਾਂ ਵਿੱਚ ਨਹੀਂ ਦੱਸਿਆ ਜਾ ਸਕਦਾ ਅਤੇ ਉਹ ਮੀਡੀਆ ਨਾਲ ਕਿਸੇ ਹੋਰ ਤਰੀਕੇ ਨਾਲ ਸੰਚਾਰ ਨਹੀਂ ਕਰ ਸਕਦੇ। ਉਦਾਹਰਣ ਦੇ ਲਈ, ਇੱਕ ਪੀੜਤ ਸੰਪਾਦਕ ਨੂੰ ਚਿੱਠੀ ਨਹੀਂ ਲਿਖ ਸਕਦਾ/ਦੀ ਜੋ ਪੀੜਤ ਜਾਂ ਅਪਰਾਧ ਦੇ ਗਵਾਹ ਵਜੋਂ ਉਸਦੀ ਪਛਾਣ ਕਰੇ।

ਪੀੜਤ, ਗਵਾਹ, ਜਾਂ ਨਿਆਂ ਪ੍ਰਣਾਲੀ ਦਾ ਭਾਗੀਦਾਰ ਬਾਅਦ ਵਿੱਚ ਫੈਸਲਾ ਕਰ ਸਕਦਾ ਹੈ ਕਿ ਉਹ ਪ੍ਰਕਾਸ਼ਨ 'ਤੇ ਪਾਬੰਦੀ ਜਾਰੀ ਨਹੀਂ ਰੱਖਣਾ ਚਾਹੁੰਦਾ/ਦੀ। ਫਿਰ ਉਸ ਲਈ ਅਦਾਲਤ ਤੋਂ ਇਸ ਨੂੰ ਖਤਮ ਕਰਨ ਦੇ ਆਦੇਸ਼ ਦੀ ਮੰਗ ਕਰਨਾ ਅਤੇ ਇਹ ਦੱਸਣਾ ਜ਼ਰੂਰੀ ਹੈ ਕਿ ਆਦੇਸ਼ ਨੂੰ ਆਵੱਸ਼ਕ ਬਣਾਉਣ ਵਾਲੇ ਹਾਲਾਤ ਕਿਵੇਂ ਬਦਲ ਗਏ ਹਨ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ, ਅਪਰਾਧ ਦਾ ਸ਼ਿਕਾਰ ਹੋਇਆ ਹੈ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪੇਸ਼ ਕਰਦੇ ਹਨ। ਜੇ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਤੁਹਾਡੀ ਮਦਦ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ:

http://www.justice.gc.ca/eng/cj-jp/victims-victimes/vsd-rsv/index.html

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਣੀ, ਜਿਹਨਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਦੁਆਰਾ ਨੁਮਾਇੰਦਗੀ ਕੀਤੀ ਗਈ, 2015

ISBN 978-0-660-44814-5
Cat. No. J2-412/8-2023Pan-PDF